ਦਲਵੀਰ ਸਿੰਘ ਲੁਧਿਆਣਵੀ

# ਉੱਚਾ ਚੁੱਕਿਐ ਔਰਤ ਦਾ ਕਿਰਦਾਰ ਗੁਰੂ ਨਾਨਕ ਦੇਵ ਜੀ ਨੇ

**ਔਰਤ** ਇਕ ਦੈਵੀ ਸ਼ਕਤੀ ਹੈ ਜਿਸ ਤੋਂ ਮਨੁੱਖ ਨੂੰ ਦਿਲੀ ਸਕੂਨ ਮਿਲਦਾ ਐ। ਇਹ ਘਰ ਦਾ ਹੀ ਨਹੀਂ ਬਲਕਿ ਸਮਾਜ ਦਾ ਸ਼ਿੰਗਾਰ ਹੁੰਦੀ ਹੈ। ਜਿਸ ਘਰ ਵਿਚ ਔਰਤ ਨਾ ਹੋਵੇ ਉਹ ਭੂਤਾਂ ਦਾ ਡੇਰਾ ਜਾਪਦਾ ਹੈ। ਹਰ ਇਕ ਘਰ ਵਿਚ ਲੜਕੀ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਸਮਾਜ ਦਾ ਸੰਤੁਲਨ ਠੀਕ ਬਣਿਆ ਰਹਿ ਸਕੇ। ਜੇ ਘਰ ਵਿਚ ਧੀ-ਭੈਣ ਹੋਵੇਗੀ ਤਾਂ ਮੱਤ ਵੀ ਟਿਕਾਣੇ ਰਹੇਗੀ।

ਅੱਜ ਦੀ ਔਰਤ ਆਸਮਾਨ ਛੂੰਹਦੀ ਪਈ ਹੈ। ਹਰ-ਖੇਤਰ ਵਿਚ ਮਰਦ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚਲ ਰਹੀ ਹੈ। ਏਥੋਂ ਤਕ ਕਿ ਕਈ ਖੇਤਰਾਂ ਵਿਚ ਔਰਤ ਮਰਦ ਨੂੰ ਪਛਾੜ ਗਈ ਹੈ। ਪਰ ਅੱਜ ਵੀ ਔਰਤ ਨੂੰ ਉਹ ਸਤਿਕਾਰ ਨਹੀਂ ਮਿਲਿਆ ਜੋ ਮਿਲਣਾ ਚਾਹੀਦਾ ਸੀ, ਕਿਉਂ?

ਭਾਵੇਂ ਵਿਗਿਆਨਕ ਯੁੱਗ ਆ ਗਿਆ ਹੈ ਪਰ ਮਨੁੱਖ ਦੀ ਸੋਚ ਨਹੀਂ ਬਦਲੀ। ਸ਼ੁਰੂ ਤੋਂ ਇਹੀ ਪ੍ਰਵਿਰਤੀ ਰਹੀ ਹੈ ਕਿ ਲੜਕੀ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਵੇ ਅਰਥਾਤ ਲੜਕੀ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਜਦ ਵੀ ਲੜਕੀ ਪੈਦਾ ਹੁੰਦੀ ਤਾਂ ਘਰ ਵਿਚ ਹਾਲਾਤ ਕੁਝ ਇਸ ਤਰਾਂ ਦੇ ਬਣ ਜਾਂਦੇ ਹਨ, ਜਿਵੇਂ ਚਾਰੇ ਪਾਸੇ ਸੋਗ ਛਾ ਗਿਆ ਹੋਵੇ ਅਤੇ ਬਹੂਰਾਣੀ ਨੂੰ ਰੰਗ ਬਰੰਗੀਆਂ ਤੋਹਮਤਾਂ ਵਿਚ ਮੜ੍ਹਦੇ ਹਨ। ਜਦ ਕਿਧਰੇ ਘਰ ਵਿਚ ਲੜਕਾ ਪੈਦਾ ਹੋ ਜਾਵੇ ਤਾਂ ਘਰ ਵਿਚ ਹੀ ਨਹੀਂ ਸਗੋਂ ਗਲੀ-ਮੁੱਹਲੇ ਅਤੇ ਰਿਸ਼ਤੇਦਾਰਾਂ ਦੇ ਘਰ ਵੀ ਸ਼ਹਿਨਾਈਆਂ ਵੱਜਦੀਆਂ ਹਨ ਅਤੇ ਲੱਡੂਆਂ ਦੀ ਤਾਂ ਜਿਉਂ ਝੜੀ ਲੱਗ ਗਈ ਹੋਵੇ। ਚਾਰੇ ਪਾਸਿਓਂ ਵਧਾਈਆਂ ਹੀ ਵਧਾਈਆਂ ਨਾਲ ਦਿਲਾਂ ਦਾ ਵਿਹੜਾ ਗੂੰਜ ਉਠਦਾ ਹੈ। ਜਦਕਿ ਲੜਕੀ ਆਪਣੇ ਮਾਂ ਪਿਓ ਦੀ ਵੱਧ ਸੇਵਾ ਕਰਦੀ ਹੈ ਅਤੇ ਕਹਿਣੇ ਵਿਚ ਰਹਿੰਦੀ ਹੈ। ਫਿਰ ਵੀ ਉਸ ਨੂੰ ਸਮਾਜ ਵੱਲੋਂ ਦੁਰਕਾਰਿਆ ਜਾਂਦਾ ਹੈ, ਆਖਰ ਕਿਉਂ?

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਹੁਣ ਤਾਂ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਗਰਭ ਵਿਚ ਕੀ ਪਲ ਰਿਹਾ ਹੈ? ਜੇ ਲੜਕੀ ਹੈ ਤਾਂ ਉਸ ਦੀ ਜੀਵਨ ਲ਼ੀਲਾ ਹੀ ਖਤਮ ਕਰ ਦਿੱਤੀ ਜਾਂਦੀ ਹੈ, ਜੇ ਲੜਕਾ ਹੈ ਤਾਂ ਉਸ ਦੇ ਆਉਣ ਦੀ ਖੁਸ਼ੀ ਵਿਚ ਪਹਿਲਾਂ ਹੀ ਮੀਟ, ਸ਼ਰਾਬ ਤੇ ਲੱਡੂਆਂ ਦੀ ਬਰਸਾਤ ਸ਼ੁਰੂ ਹੋ ਜਾਂਦੀ ਹੈ। ਜੇ ਬਹੂਰਾਣੀ ਨੇ ਇਤਰਾਜ ਕੀਤਾ ਕਿ ਮੈਂ ਜੀਵ ਹੱਤਿਆ (ਭਰੂਣ ਹੱਤਿਆ) ਨਹੀਂ ਕਰਾਂਗੀ ਤਾਂ ਘਰ ਵਿਚ ਮਿੱਠੀ ਜੰਗ ਸ਼ੁਰੂ ਹੋ ਜਾਂਦੀ ਹੈ, ਜੋ ਹੌਲੀ ਹੌਲੀ ਭਿਆਨਕ ਰੂਪ ਧਾਰ ਲੈਂਦੀ ਹੈ। ਬੱਚੇ ਤੋਂ ਲੈ ਕੇ ਬਜ਼ੁਰਗ ਤਕ ਉਸ ਨਾਲ ਦੁਰ-ਵਿਵਹਾਰ ਕਰਦੇ ਹਨ। ਖਾਸ ਕਰਕੇ ਸੱਸ, ਨਣਾਨ ਜਿਹਨੂੰ ਅਜੇ ਤਕ ਇਸ ਬਾਰੇ ਕੋਈ ਗਿਆਨ ਨਹੀਂ ਹੁੰਦਾ ਉਹ ਵੀ ਮਾਂ ਦੇ ਕਹਿਣ ਤੇ ਭਾਬੀ ਨਾਲ ਦੁਰ-ਵਿਵਹਾਰ ਕਰਨਾ ਸ਼ੁਰੂ ਕਰ ਦਿੰਦੀ ਹੈ। ਉਹ ਇਹ ਨਹੀਂ ਸੋਚਦੀ ਕਿ ਕੱਲ ਨੂੰ ਮੇਰੇ ਨਾਲ ਵੀ ਇਹ ਘਟਨਾ ਵਾਪਰ ਸਕਦੀ ਹੈ ਅਤੇ ਨਾ ਹੀ ਸੱਸ ਇਸ ਬਾਰੇ ਸੋਚਦੀ ਹੈ ਕਿ ਮੈਂ ਵੀ ਇਹੋ ਜਿਹੀ ਸਥਿਤੀ 'ਚੋਂ ਲੰਘ ਕੇ ਆਈ ਹਾਂ। ਜੋ ਸਲੂਕ ਅੱਜ ਮੈਂ ਬਹੂਰਾਣੀ ਨਾਲ ਕਰ ਰਹੀ ਹਾਂ ਕੱਲ ਨੂੰ ਮੇਰੀ ਲੜਕੀ ਨਾਲ ਵੀ ਹੋ ਸਕਦਾ ਹੈ। ਦੇਖੋ ਔਰਤ ਹੀ ਔਰਤ ਦੀ ਵੈਰੀ ਬਣ ਗਈ, ਬਾਕੀ ਦੀਆਂ ਤਾਂ ਗੱਲਾਂ ਹੀ ਛੱਡੋ।

ਇਸੇ ਕਰਕੇ ਹੀ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਕਾਫੀ ਘੱਟ ਹੈ ਯਾਨੀ ਕਿ 1000 ਮਰਦਾਂ ਪਿੱਛੇ 800 ਔਰਤਾਂ ਹਨ। ਫਤਿਹਗੜ੍ਹ ਸਾਹਿਬ ਵਿਚ ਔਰਤਾਂ ਦੀ ਗਿਣਤੀ ਬਹੁਤ ਹੀ ਘੱਟ ਹੈ ਜੋ ਕਿ 1000 ਮਰਦਾ ਪਿੱਛੇ 756 ਹੈ। ਇਕ ਹੋਰ ਸਰਵੇਖਣ ਮੁਤਾਬਿਕ ਪੰਜਾਬ ਦੀ ਆਬਾਦੀ ਘਟਦੇਕ੍ਰਮ ਵੱਲ ਜਾ ਰਹੀ ਹੈ ਜੋ ਕਿ ਇਕ ਖਤਰੇ ਵਾਲੀ ਗੱਲ ਹੈ। ਜੇ ਇਹੀ ਹਾਲਾਤ ਰਹੇ ਤਾਂ ਇਕ ਦਿਨ ਸਮਾਜ ਦਾ ਵੱਧਣਾ ਫੁਲਣਾ ਬੰਦ ਹੋ ਜਾਵੇਗਾ ਅਤੇ ਇਸ ਦੇ ਸਿੱਟੇ ਗੰਭੀਰ ਆਉਣਗੇ।

ਗੁਰਬਾਣੀ ਵਿਚ ਵੀ ਔਰਤ ਨੂੰ ਬਹੁਤ ਆਦਰ ਮਾਣ ਦਿੱਤਾ ਗਿਆ ਹੈ ਅਤੇ ਮਰਦ ਦੇ ਬਰਾਬਰ ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ***"ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"*** ਕਹਿ ਕੇ ਇਸਤਰੀ ਦੇ ਸਨਮਾਨ ਦੀ ਰਾਖੀ ਲਈ ਆਵਾਜ਼ ਉਠਾਈ। ਸਾਰੇ ਗੁਰੂਆਂ ਪੀਰਾਂ ਨੇ ਹੀ ਔਰਤ ਨੂੰ ਗੌਰਵਮਈ ਦਰਜਾ ਦਿੱਤਾ। ਅੱਜ ਦੀ ਔਰਤ ਕਿਸੇ ਵੀ ਖੇਤਰ ਵਿਚ ਮਰਦ ਨਾਲੋਂ ਪਿੱਛੇ ਨਹੀਂ ਹੈ। ਬੀਬੀ ਭਾਨੀ ਦਾ ਨਾਮ ਗੁਰੂ ਪਤਨੀ ਅਤੇ ਗੁਰੂ ਮਾਤਾ ਦੇ ਰੂਪ ਵਿਚ ਸਨਮਾਨਯੋਗ ਹੈ। ਇਸ ਤੋਂ ਇਲਾਵਾ ਮਾਤਾ ਨਾਨਕੀ ਜੀ, ਮਾਤਾ



ਗੁਜਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਤਾ ਭਾਗ ਕੌਰ ਜੀ ਆਦਿ ਨੇ ਸਮਾਜ ਦੀ ਰੂਪ ਰੇਖਾ ਹੀ ਬਦਲ ਦਿੱਤੀ। ਆਧੁਨਿਕ ਯੁੱਗ ਵਿਚ ਵੀ ਔਰਤ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹੋਈਆਂ ਨੇ ਜਿਵੇਂ ਕਿ ਅੰਮ੍ਰਿਤਾ ਪ੍ਰੀਤਮ, ਕਿਰਨ ਬੇਦੀ, ਸਾਨੀਆ ਮਿਰਜਾ ਆਦਿ। ਇਸ ਤੋਂ ਇਲਾਵਾ ਕਲਪਨਾ ਚਾਵਲਾ ਜਿਸ ਨੇ ਭਾਰਤ ਦਾ ਨਾਂ ਪੂਰੇ ਪੁਲਾੜ ਵਿਚ ਚੰਨ ਤਾਰਿਆਂ ਵਾਗ ਰੁਸ਼ਨਾ ਦਿੱਤਾ। ਅੱਜ ਸਾਈਕਲ ਤੋਂ ਲੈ ਕੇ ਹਵਾਈ ਜਹਾਜ ਤੱਕ ਅਤੇ ਧਰਤੀ 'ਤੇ ਸਰਕਾਰੀ ਜਾਂ ਗੈਰ-ਸਰਕਾਰੀ ਕਿਹੜਾ ਖੇਤਰ ਹੈ ਜਿਥੇ ਔਰਤ ਨੇ ਕਾਮਯਾਬੀ ਹਾਸਿਲ ਨਹੀਂ ਕੀਤੀ।

ਇਕ ਪਾਸੇ ਤਾਂ ਧੀਆਂ ਨੂੰ ਪੂਜਦੇ ਹੋ ਯਾਨੀ ਕਿ ਕੰਜਕਾਂ ਬਿਠਾਉਂਦੇ ਹੋ ਅਤੇ ਦੂਸਰੇ ਪਾਸੇ ਉਹਨਾਂ ਹੱਥਾਂ ਨਾਲ ਅਣਜੰਮੀਆਂ ਧੀਆਂ ਨੂੰ ਮਾਰਦੇ ਹੋ। ਮਰਦ ਤੇ ਔਰਤ ਇਕੋ ਮਸ਼ੀਨ ਦੇ ਦੋ ਪਹੀਏ ਹਨ। ਇਕ ਤੋਂ ਬਿਨਾਂ ਦੂਸਰੇ ਦੀ ਜ਼ਿੰਦਗੀ ਨਹੀਂ ਚਲ ਸਕਦੀ। ਇਹ ਤਾਂ ਉਸ ਪਰਵਰਦਿਗਾਰ ਦੀ ਖੇਡ ਦਾ ਹੀ ਇਕ ਅੰਸ਼ ਹੈ।

ਇਹ ਔਰਤ ਹੀ ਹੈ ਜੋ ਸਭ ਨੂੰ ਜਨਮ ਦੇਂਦੀ ਹੈ। ਗੁਰੂਆਂ, ਪੀਰਾਂ, ਪੈਗੰਬਰਾਂ, ਰਿਸ਼ੀਆਂ ਮੁਨੀਆਂ, ਰਾਜਿਆਂ ਨੂੰ ਵੀ ਇਹ ਜਨਮ ਦੇਂਦੀ ਹੈ। ਇਥੋਂ ਤੱਕ ਕਿ ਔਰਤ ਨੂੰ ਵੀ ਔਰਤ ਹੀ ਜਨਮ ਦੇਂਦੀ ਹੈ। ਫਿਰ ਔਰਤ ਦੀ ਵੈਰੀ ਔਰਤ ਕਿਉਂ ? ਮਾਂ ਧੀ ਦੇ ਵਿਚਾਲੇ ਅਥਾਹ ਦਾ ਪਿਆਰ ਹੁੰਦਾ ਹੈ। ਨੂੰਹ-ਸੱਸ ਦੇ ਰਿਸ਼ਤੇ ਵਿਚਾਲੇ ਤਰੇੜ ਕਿਉਂ ? ਦੋਹਾਂ ਭੈਣਾਂ ਵਿਚ ਕਿੰਨਾ ਪਿਆਰ ਹੁੰਦਾ ਹੈ, ਅਰਥਾਤ ਪਿਆਰ ਦਾ ਸਮੁੰਦਰ ਠਾਠਾਂ ਮਾਰਦਾ ਹੈ। ਜਦ ਕਿ ਦਰਾਣੀ-ਜਠਾਣੀ ਦਾ ਮੂੰਹ ਹਮੇਸ਼ਾ ਹੀ ਵੱਟਿਆ ਰਹਿੰਦਾ ਹੈ। ਇਸਤਰਾਂ ਕਿਉਂ ਹੁੰਦਾ ਹੈ ? ਔਰਤ, ਔਰਤ ਨੂੰ ਦੇਖਣਾ ਨਹੀਂ ਮੰਗਦੀ। ਜਦ ਇਹ ਪਤਾ ਲੱਗ ਜਾਂਦਾ ਕਿ ਗਰਭ ਵਿਚ ਪਲ ਰਿਹਾ ਬੱਚਾ ਇਕ ਲੜਕੀ ਹੈ ਸਭ ਤੋਂ ਵੱਧ ਕਹਿਣ ਵਾਲੀ ਇਹ ਸੱਸ ਹੀ ਹੁੰਦੀ ਹੈ ਕਿ ਇਸ ਗਰਭ ਨੂੰ ਗਿਰਾਉਣ ਵਾਸਤੇ ਹਰ ਦਮ ਨੂੰਹ ਦੇ ਦੁਆਲੇ ਕੋਈ ਚੁੰਝੜੀ ਛੇੜ ਹੀ ਛੱਡਦੀ ਹੈ ਅਤੇ ਬਾਕੀ ਪਰਿਵਾਰ ਦੇ ਮੈਂਬਰਾਂ ਨੂੰ ਵੀ ਇਹੀ ਉਕਸਾਂਦੀ ਹੈ ਕਿ ਘਰ ਵਿਚ ਲੜਕਾ ਹੀ ਆਵੇ ਨਾ ਕਿ ਕਲਮੂੰਹੀ। ਇਹਨੂੰ ਇਹ ਪੁੱਛਿਆ ਜਾਵੇ ਕਿ ਤੂੰ ਵੀ ਕਿਸੇ ਦੀ ਧੀ ਸੀ, ਕਿਸੇ ਦੀ ਬਹੂਰਾਣੀ ਤੇ ਅੱਜ ਸੱਸ ਬਣ ਕੇ ਕਿਹੜਾ ਜ਼ੁਲਮ ਕਮਾ ਰਹੀ ਹੈ। ਇਕ ਜਗ ਜਣਨੀ ਦੀ ਹੋਂਦ ਹੀ ਆਪਣੇ ਹੱਥੀਂ ਮਿਟਾ ਰਹੀ ਐ। ਪਾਪਾਂ ਦੀ ਪੰਡ ਆਪਣੇ ਸਿਰ ਕਿਉਂ ਉਠਾ ਰਹੀ ਏ ?

ਹੁਣ ਤਾਂ ਕੁੜੀਆਂ-ਮੁੰਡਿਆਂ ਦਾ ਫਰਕ ਨਹੀਂ ਰਿਹਾ। ਹਰ ਖੇਤਰ ਵਿਚ ਔਰਤਾਂ ਮਰਦ ਦੇ ਮੋਢੇ ਨਾਲ ਮੋਢਾ ਮਿਲਾ ਕੇ ਚਲਦੀਆਂ ਹਨ। ਏਥੋਂ ਤਕ ਕਿ ਕੁੜੀਆਂ ਮੁੰਡਿਆਂ ਦੇ ਅਧਿਕਾਰ ਬਰਾਬਰ ਹਨ। ਸਰਕਾਰ ਨੇ ਕਾਨੂੰਨ ਪਾਸ ਕਰ ਦਿੱਤਾ ਹੈ ਕਿ ਲੜਕੀਆਂ ਆਪਣੇ ਮਾਂ ਪਿਉਂ ਦੀ ਜਾਇਦਾਦ ਵਿਚੋਂ ਹਿੱਸਾ ਵੀ ਲੈ ਸਕਦੀਆਂ ਹਨ। ਲੜਕੀਆਂ ਦੀ ਪੜਾਈ ਮੁਫਤ, ਆਮਦਨ ਕਰ ਵਿਚ ਔਰਤਾਂ ਨੂੰ ਸਪੈਸ਼ਲ ਛੋਟ। ਗੱਲ ਕੀ ਹਰ ਖੇਤਰ ਵਿਚ ਔਰਤਾਂ ਮਰਦਾਂ ਨਾਲੋਂ ਅੱਗੇ ਜਾ ਰਹੀਆਂ ਹਨ ਇਥੋਂ ਤਕ ਕਿ ਪੜਾਈ ਵਿਚ ਵੀ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਿਕ ਚੀਨ ਅਣਜੰਮੀਆਂ ਕੁੜੀਆਂ ਮਾਰਨ ਵਿਚ ਪਹਿਲੇ ਨੰਬਰ ਤੇ ਹੈ ਅਤੇ ਦੂਸਰਾ ਸਥਾਨ ਮਹਾਨ ਭਾਰਤ ਦਾ ਹੈ। ਇਸ ਤਰਾਂ ਚੀਨ ਅਤੇ ਭਾਰਤ ਬੱਚੀਆਂ ਨੂੰ ਮਾਰਨ ਦੇ ਲਈ ਬੁੱਚੜਖਾਨੇ ਦਾ ਕੰਮ ਕਰ ਰਹੇ ਹਨ।

ਅਣਜੰਮੀਆਂ ਬੱਚੀਆਂ ਨੂੰ ਮਾਰਨ ਦਾ ਇਕ ਇਹ ਵੀ ਕਾਰਨ ਹੈ-ਦਾਜ ਦੀ ਲਾਹਨਤ। ਬੱਚੀ ਜਦੋਂ ਪੈਦਾ ਹੁੰਦੀ ਤਾਂ ਘਰਦਿਆਂ ਨੂੰ ਫਿਕਰ ਪੈ ਜਾਂਦਾ ਹੈ ਕਿ ਦਾਜ ਬਣਾਉਣਾ ਸ਼ੁਰੂ ਕਰ ਦਿਓ। ਇਕ ਤਾਂ ਪਾਲਣ ਪੋਸ਼ਣ ਦਾ ਖਰਚਾ, ਦੂਜਾ ਪੜਾਈ, ਤੀਜਾ ਦਾਜ ਦਾ, ਉਤੋਂ ਮਹਿੰਗਾਈ ਦਾ ਜ਼ਮਾਨਾ ਅਤੇ ਸਭ ਤੋਂ ਵੱਡਾ ਕੰਮ ਹੈ ਧੀ ਦੀ ਰਾਖੀ ਕੌਣ ਕਰੂ।

ਫਿਰ ਵਿਆਰ ਦੇ ਪਿਛੋਂ ਵੀ ਕਿਹੜਾ ਸੁੱਖ ਮਿਲਦਾ ਜੇ। ਮਾਂ ਪਿਉ ਤਾਂ ਪਹਿਲੇ ਹੀ ਮਣਾਂ-ਮੂੰਹੀ ਕਰਜ਼ੇ ਥੱਲੇ ਆ ਗਿਆ ਹੁੰਦੈ ਐ। ਫਿਰ ਵੀ ਸਹੁਰੇ ਤੰਗ ਕਰਨੋਂ ਨਹੀਂ ਹੱਟਦੇ। ਕਦੇ ਕੁਝ ਮੰਗਦੇ ਤੇ ਕਦੇ ਕੁਝ। ਕਈ ਤਾਂ ਬਹੂਰਾਣੀ ਦਾ ਖਾਤਮਾ ਹੀ ਕਰ ਦਿੰਦੇ ਹਨ। ਇਸ ਦੇ ਲਈ ਇਕ ਜਾਂ ਦੋ ਨਹੀਂ ਸਾਰਾ ਸਮਾਜ ਹੀ ਜ਼ੁੰਮੇਵਾਰ ਹੈ। ਇਸ ਤਰਾਂ ਮਾਂ-ਪਿਓ ਨੂੰ ਧੀ ਦੀ ਰਾਖੀ ਵਿਆਹ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਕਰਨੀ ਪੈਂਦੀ ਹੈ। ਇਸੇ ਕਰਕੇ ਲੋਕ ਧੀਆਂ ਨਹੀਂ ਪਾਲਦੇ। ਇਸ ਲਈ ਸਰਕਾਰ ਨੂੰ ਕੁਝ ਇਸ ਤਰਾਂ ਦੇ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਉਹ ਵੀ ਸਖਤੀ ਨਾਲ ਲਾਗੂ ਹੋਣ—

o ਬਲਾਤਕਾਰ ਦੇ ਕੇਸ ਵਿਚ ਦੋਸ਼ੀ ਭਾਵੇਂ ਕੋਈ ਵੀ ਹੋਵੇ, ਸਜਾਏ ਮੌਤ ਹੋਣੀ ਚਾਹੀਦੀ ਹੈ ਅਤੇ ਨਿਆਂ ਪਾਲਿਕਾਂ ਨੂੰ ਚਾਹੀਦਾ ਹੈ ਕਿ ਫੈਸਲਾ ਜਲਦੀ ਤੋਂ ਜਲਦੀ ਕਰਿਆ ਕਰੇ, ਨਹੀਂ ਤਾ ਦੋਸ਼ੀ ਕੋਈ ਨਾ ਕੋਈ ਜੁਗਾੜ ਫਿੱਟ ਕਰ ਲੈਂਦੇ ਹਨ।

o ਦਾਜ ਲੈਣ ਤੇ ਦੇਣ ਦੀ ਸਖਤ ਮਨਾਹੀ ਹੋਣੀ ਚਾਹੀਦੀ ਹੈ।

o ਲੜਕੀਆਂ ਦੀ ਪੜਾਈ ਬਿਲਕੁਲ ਮੁਫ਼ਤ ਹੋਣੀ ਚਾਹੀਦੀ ਹੈ ਭਾਵੇਂ ਉਹ ਸਰਕਾਰੀ/ਅਰਧ-ਸਰਕਾਰੀ/ਪਬਲਿਕ ਸਕੂਲ/ਕਾਲਜ/ਯੂਨੀਵਰਸਿਟੀ ਵਿਚ ਪੜ੍ਹਦੀ ਹੋਵੇ।

o ਸਹੁਰੇ ਪਰਿਵਾਰ ਵਲੋਂ ਜੇ ਕੋਈ ਚੀਜ ਮੰਗੀ ਜਾਵੇ ਤਾਂ ਉਸ ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

o ਹਰ ਖੇਤਰ ਵਿਚ ਮਰਦ ਤੇ ਔਰਤ ਦੇ ਅਧਿਕਾਰ ਬਰਾਬਰ ਹੋਣੇ ਚਾਹੀਦੇ ਹਨ।

o ਮਾਦਾ ਭਰੂਣ ਹੱਤਿਆ ਦੇ ਸੰਬੰਧ ਵਿਚ ਜੋ ਵੀ ਕਾਨੂੰਨ ਬਣਾਏ ਜਾਂਦੇ ਹਨ, ਉਹ ਸਖਤੀ ਨਾਲ ਲਾਗੂ ਹੋਣੇ ਚਾਹੀਦੇ ਹਨ।

o ਲੜਕੀਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣ ਅਤੇ ਮਾਲੀ ਸਹਾਇਤਾ ਵੀ ਦਿੱਤੀ ਜਾਵੇ।

o ਬੇਰੁਜ਼ਗਾਰ ਲੜਕੀਆਂ ਲਈ 'ਸਪੈਸ਼ਲ ਰੁਜ਼ਗਾਰ ਭੱਤਾ' ਜਾਂ ਰੁਜ਼ਗਾਰ ਸ਼ੁਰੂ ਕਰਨ ਲਈ ਬਿਨਾਂ ਵਿਆਜ ਤੋਂ ਕਰਜ਼ੇ ਦਿੱਤੇ ਜਾਣ।

o ਜਾਗਰੂਕਤਾ ਲਹਿਰ ਸਕੂਲਾਂ/ਕਾਲਜਾਂ/ਯੂਨੀਵਰਸਿਟੀਆਂ/ਪਬਲਿਕ ਅਦਾਰਿਆਂ/ਧਾਰਮਿਕ ਸਥਾਨਾਂ ਆਦਿ ਤੇ ਸ਼ੁਰੂ ਕੀਤੀ ਜਾਵੇ ਅਤੇ ਲੋਕਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਲੜਕੀ ਨੂੰ ਮਾਰਨਾ ਮਹਾਂ ਪਾਪ ਹੈ ਅਤੇ ਇਹ ਤਾਂ ਜਗ ਜਣਨੀ ਹੈ ਜੋ ਸਾਰਿਆਂ ਨੂੰ ਜਨਮ ਦਿੰਦੀ ਹੈ।

ਇਸ ਤਰਾਂ ਕਰਨ ਨਾਲ ਇਹ ਜੋ ਕੁੜੀ ਮਾਰ ਸਮੱਸਿਆ ਇਕ ਗੰਭੀਰ ਸਮੱਸਿਆ ਬਣ ਗਈ ਹੈ, ਨੂੰ ਠੱਲ ਪਾਈ ਜਾ ਸਕਦੀ ਹੈ। ਨਹੀਂ ਤਾਂ ਸਮੁੱਚੀ ਦੁਨੀਆਂ ਤਹਿਸ ਨਹਿਸ ਹੋ ਜਾਵੇਗੀ ਅਤੇ ਇਸ ਦੇ ਨਤੀਜੇ ਸਮਾਜ ਲਈ ਬਹੁਤ ਹੀ ਮਾਰੂ ਹੋਣਗੇ ਅਤੇ ਇਸ ਸਮਾਜ ਦਾ ਪਤਨ ਯਕੀਨੀ ਹੋ ਜਾਵੇਗਾ। ਇਸ ਲਈ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਇਸ ਮਾਦਾ ਭਰੂਣ ਹੱਤਿਆਂ ਨੂੰ ਰੋਕਿਆ ਜਾਵੇ। ਸਾਡੇ ਵਿਚਾਰ ਵੀ ਬਿਹਤਰ ਹੋਣੇ ਚਾਹੀਦੇ ਹਨ ਫਿਰ ਹੀ ਅਸੀ ਬਿਹਤਰ ਸਮਾਜ ਦੀ ਸਿਰਜਨਾ ਕਰ ਸਕਦੇ ਹਾਂ। ਇਸ 'ਸਮਾਜ ਦੀ ਧੀ' ਤੋਂ ਬਿਨਾਂ ਅਸੀ ਬਿਹਤਰ ਸਮਾਜ ਦੀ ਸਿਰਜਨਾ ਨਹੀਂ ਕਰ ਸਕਦੇ। ਅੱਜ ਲੋੜ ਹੈ 'ਸਮਾਜ ਦੀ ਧੀ' ਨੂੰ ਬਚਾਉਣ ਦੀ। ਰੱਬ ਸਾਡੀ ਇਹ ਮੁਰਾਦ ਵੀ ਜਲਦੀ ਹੀ ਪੂਰੀ ਕਰੇ ਅਤੇ ਸਾਨੂੰ ਗੁਰਬਾਣੀ ਦੇ ਲੜ ਲਾਵੇ ਤਾਂ ਜੋ ਅਸੀਂ ਇਕ ਬਿਹਤਰ ਸਮਾਜ ਦੀ ਜਲਦੀ ਹੀ ਸਿਰਜਣਾ ਕਰ ਸਕੀਏ।